ਮਾਰਕਫੈੱਡ ਏਸ਼ੀਆ ਦਾ ਸਭ ਤੋਂ ਵੱਡਾ ਸਹਿਕਾਰੀ ਅਦਾਰਾ ਹੈ। ਮਾਰਕਫੈਡ ਦੀਆਂ ਸਾਰੀਆਂ ਗਤੀ-ਵਿਧੀਆਂ ਮੁੱਖ ਤੌਰ ਤੇ ਪੰਜਾਬ ਦੇ ਜਿੰਮੀਦਾਰਾਂ ਨਾਲ ਸਬੰਧਤ ਹਨ।

ਮਾਰਕਫੈਡ ਦਾ ਬੋਰਡ ਆਫ ਡਾਇਰੈਕਟਰਜ਼ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਵਲੋਂ ਵੋਟਾਂ ਰਾਹੀਂ ਚੁਣਿਆ ਜਾਂਦਾ ਹੈ। ਜੋ ਮਾਰਕਫੈਡ ਦਾ ਸਾਰਾ ਕੰਮ ਕਾਜ ਵੇਖਦਾ ਹੈ। ਇਸ ਤਰ੍ਹਾਂ ਮਾਰਕਫੈਡ, ਜਿੰਮੀਦਾਰਾਂ ਦਾ ਆਪਣਾ ਅਦਾਰਾ ਹੈ। ਮਾਰਕਫੈਡ ਦੀਆਂ ਮੁੱਖ ਤੌਰ ਤੇ ਹੇਠ ਲਿਖੀਆਂ ਗਤੀ-ਵਿਧੀਆਂ ਹਨ:-

**ਝੋਨੇ ਤੇ ਕਣਕ ਦੀ ਖਰੀਦ:—**

ਝੋਨੇ ਤੇ ਕਣਕ ਦੀ ਖਰੀਦ ਵਿਚ ਮਾਰਕਫੈੱਡ ਇਕ ਸਰਕਾਰੀ ਏਜੰਸੀ ਤੇ ਤੌਰ ਤੇ ਕੰਮ ਕਰਦੀ ਹੈ। ਮਾਰਕਫੈੱਡ ਵਲੋਂ ਸਰਕਾਰੀ ਹਦਾਇਤਾਂ ਮੁਤਾਬਕ ਭਾਰਤ ਸਰਕਾਰ ਵਲੋਂ ਮਿੱਥੇ ਹੋਏ ਰੇਟਾਂ ਉਤੇ ਪੰਜਾਬ ਦੀਆਂ ਮੰਡੀਆਂ ਵਿਚੋਂ ਕਣਕ ਅਤੇ ਝੋਨੇ ਦੀ ਖਰੀਦ ਕੀਤੀ ਜਾਂਦੀ ਹੈ। ਇਸ ਨਾਲ ਪੰਜਾਬ ਦੇ ਜਿੰਮੀਦਾਰਾਂ ਦੀ ਮੰਡੀਕਰਣ ਦੀ ਸਮੱਸਿਆ ਹੱਲ ਹੋ ਜਾਂਦੀ ਹੈ।

**ਖਾਦ ਤੇ ਕੀੜੇਮਾਰ ਦਵਾਈਆਂ ਦੀ ਸਪਲਾਈ ਅਤੇ ਵਿਕਰੀ :—**

ਪੰਜਾਬ ਮਾਰਕਫੈੱਡ ਵਲੋਂ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਨੂੰ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਵਾਜਬ ਮੁੱਲ ਅਤੇ ਠੀਕ ਸਮੇਂ ਤੇ ਸਪਲਾਈ ਕੀਤੀ ਜਾਂਦੀ ਹੈ। ਇਸ ਨਾਲ ਜਿੰਮੀਦਾਰਾਂ ਨੂੰ ਠੀਕ ਕੁਆਲਟੀ ਦੀਆਂ ਖਾਦਾਂ ਤੇ ਕੀੜੇਮਾਰ ਦਵਾਈਆਂ ਮਿਲਦੀਆਂ ਹਨ।

**ਖਾਦਾਂ ਦੀ ਨਕਦ ਵਿਕਰੀ :—**

ਇਸ ਤੋਂ ਇਲਾਵਾ ਮਾਰਕਫੈੱਡ ਵਲੋਂ ਜਿੰਮੀਦਾਰਾਂ ਨੂੰ ਖਾਦਾਂ ਦੀ ਵਾਜਬ ਰੇਟਾਂ ਤੇ ਨਕਦ ਵਿਕਰੀ ਕੀਤੀ ਜਾਂਦੀ ਹੈ। ਇਸ ਨਾਲ ਜਿੰਮੀਦਾਰਾਂ ਨੂੰ ਖਾਸ ਕਰਕੇ ਜਦੋਂ ਬਾਜਾਰ ਵਿਚ ਖਾਦ ਦੀ ਘਾਟ ਆਉਣ ਤੇ ਬਹੁਤ ਮਦਦ ਮਿਲਦੀ ਹੈ। ਇਸ ਸਮੇਂ ਸਭ ਤੋਂ ਵੱਡੀ ਰਾਹਤ ਜਿੰਮੀਦਾਰ ਭਰਾਵਾਂ ਲਈ ਇਹ ਹੈ ਕਿ ਇਹ ਖਾਦ ਠੀਕ ਕੁਆਲਟੀ ਦੀ ਹੁੰਦੀ ਹੈ। ਮਾਰਕਫੈੱਡ ਵਲੋਂ ਜਿੰਮੀਦਾਰਾਂ ਨੂੰ ਸਿੱਧੀ ਨਕਦੀ ਖਾਦ ਸਪਲਾਈ ਕਰਕੇ ਮਾਰਕੀਟ ਵਿਚ ਖਾਦਾਂ ਦੇ ਭਾਅ ਵਿੱਚ ਸਥਿਰਤਾ ਰਹਿੰਦੀ ਹੈ।

**ਪਸ਼ੂ ਖੁਰਾਕ :—**

ਪੰਜਾਬ ਮਾਰਕਫੈੱਡ ਵਲੋਂ ਆਈ.ਐਸ.ਆਈ. ਮਾਰਕੇ ਦੀ ਵਧੀਆ ਪਸ਼ੂ ਖੁਰਾਕ ਤਿਆਰ ਕੀਤੀ ਜਾਂਦੀ ਹੈ। ਇਸ ਨਾਲ ਪਸ਼ੂਆਂ ਦਾ ਦੁੱਧ ਤਾਂ ਵੱਧਦਾ ਹੀ ਹੈ ਤੇ ਨਾਲ ਹੀ ਇਹ ਦੁੱਧ ਹੁੰਦਾ ਵੀ ਸਿਹਤਮੰਦ ਹੈ। ਦੂਸਰੇ ਪਾਸੇ ਪ੍ਰਾਈਵੇਟ ਵਪਾਰੀਆਂ ਵਲੋਂ ਘਟੀਆ ਕਿਸਮ ਦੀ ਪਸ਼ੂ ਖੁਰਾਕ ਵੇਚੀ ਜਾਂਦੀ ਹੈ ਜਿਸ ਵਿਚ ਯੂਰੀਏ ਦੀ ਮਾਤਰਾ ਜਿਆਦਾ ਹੁੰਦੀ ਹੈ, ਜਿਸ ਨਾਲ ਪਸ਼ੂ ਧੰਨ ਦੀ ਸਿਹਤ ਦੀ ਬਰਬਾਦੀ ਹੁੰਦੀ ਹੈ ਅਤੇ ਨਾਲ ਹੀ ਆਮ ਜਨਤਾ ਬਿਮਾਰੀਆਂ ਦੀ ਜਕੜ ਵਿਚ ਆ ਜਾਂਦੀ ਹੈ। ਇਸ ਤਰ੍ਹਾਂ ਮਾਰਕਫੈੱਡ ਪੰਜਾਬ ਦੇ ਜਿੰਮੀਦਾਰਾਂ ਨੂੰ ਵਧੀਆ ਕਿਸਮ ਦੀ ਆਈ.ਐਸ.ਆਈ. ਮਾਰਕੇ ਦੀ

ਪਸ਼ੂ ਖੁਰਾਕ ਬਣਾ ਕੇ ਸਪਲਾਈ ਕਰਦੀ ਹੈ ਜਿਸ ਨਾਲ ਪੰਜਾਬ ਦੇ ਪਸ਼ੂ ਧੰਨ ਦਾ ਵਿਕਾਸ ਹੁੰਦਾ ਹੈ ਤੇ ਸਾਨੂੰ ਵਧੀਆ ਕੁਆਲਟੀ ਦਾ ਦੁੱਧ ਪੀਣ ਨੂੰ ਮਿਲਦਾ ਹੈ।

**ਮਿੱਟੀ ਅਤੇ ਪਾਣੀ ਪਰਖ ਦੀ ਪ੍ਰਯੋਗਸ਼ਾਲਾ :—**

ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਦਫ਼ਤਰ ਮਾਰਕਫੈੱਡ ਵਿਚ ਮਿੱਟੀ ਅਤੇ ਪਾਣੀ ਦੀ ਪਰਖ ਪ੍ਰਯੋਗਸ਼ਾਲਾ ਸਥਾਪਤ ਕੀਤੀ ਗਈ ਹੈ।ਇਥੇ 10 ਰੁਪਏ ਦੀ ਮਾਮੂਲੀ ਫੀਸ ਨਾਲ ਜ਼ਿੰਮੀਦਾਰਾਂ ਦੇ ਮਿੱਟੀ ਅਤੇ ਪਾਣੀ ਦੇ ਸੈਂਪਲ ਟੈਸਟ ਕੀਤੇ ਜਾਂਦੇ ਹਨ।ਇਸ ਨਾਲ ਜ਼ਿੰਮੀਦਾਰ ਭਰਾ ਮਿੱਟੀ ਅਤੇ ਪਾਣੀ ਦੀ ਪਰਖ ਮੁਤਾਬਕ ਖਾਦ ਦੀ ਵਰਤੋਂ ਕਰਕੇ ਖੇਤੀ ਦੇ ਖਰਚੇ ਦੀ ਬਚਤ ਕਰ ਸਕਦੇ ਹਨ ਅਤੇ ਵਧੀਆ ਕੁਆਲਟੀ ਦੀਆਂ ਫਸਲਾਂ ਦੀ ਪੈਦਾਵਾਰ ਕਰ ਸਕਦੇ ਹਨ।

**ਖੇਤੀ ਨਿਰਯਾਤ ਜ਼ੋਨ :—**

ਪੰਜਾਬ ਮਾਰਕਫੈੱਡ ਭਾਰਤ ਸਰਕਾਰ ਵਲੋਂ ਆਲੂਆਂ ਅਤੇ ਬਾਸਮਤੀ ਦੀ ਖੇਤੀ ਵਿਚ ਨਿਰਯਾਤ ਨੂੰ ਵਾਧਾ ਦੇਣ ਲਈ ਇਕ ਨੋਡਲ ਏਜੰਸੀ ਦੇ ਤੌਰ ਤੇ ਕੰਮ ਕਰਦੀ ਹੈ। ਇਸ ਵਿਚ ਸਮੇਂ-ਸਮੇਂ ਮਾਰਕਫੈੱਡ ਵਲੋਂ ਜ਼ਿੰਮੀਦਾਰਾਂ ਨੂੰ ਵਧੀਆ ਕਿਮਸ ਦੇ ਆਲੂ ਅਤੇ ਬਾਸਮਤੀ ਦੀ ਖੇਤੀਬਾੜੀ ਲਈ ਵਰਕਸ਼ਾਪਾਂ ਆਯੋਜਤ ਕੀਤੀਆਂ ਜਾਂਦੀਆਂ ਹਨ।ਇਸ ਤੋਂ ਇਲਾਵਾ ਸਾਲ 2003-04 ਦੌਰਾਨ ਜਿਨ੍ਹਾਂ ਜ਼ਿੰਮੀਦਾਰ ਭਰਾਵਾਂ ਨੇ ਪੰਜਾਬ ਤੋਂ ਬਾਹਰ ਜਾ ਕੇ ਆਲੂ ਵੇਚੇ ਸਨ, ਉਹਨਾਂ ਨੂੰ ਟਰਾਂਸਪੋਰਟ ਸਬਸਿੱਡੀ ਦਿੱਤੀ ਗਈ ਹੈ।

**ਜ਼ਿੰਮੀਦਾਰ ਸਿਖਲਾਈ ਕੈਂਪ :—**

ਹੁਸ਼ਿਆਰਪੁਰ ਜ਼ਿਲ੍ਹੇ ਵਿਚ ਮਾਰਕਫੈੱਡ ਵਲੋਂ ਵੱਖ-ਵੱਖ ਸਮਿਆਂ ਤੇ ਸਿਖਲਾਈ ਕੈਂਪ ਲਗਾਏ ਜਾਂਦੇ ਹਨ।ਇਹਨਾਂ ਕੈਂਪਾਂ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀਬਾੜੀ ਮਹਿਕਮੇ ਦੇ ਮਾਹਿਰ ਲਿਆ ਕੇ ਜ਼ਿੰਮੀਂਦਾਰ ਭਰਾਵਾਂ ਨੂੰ ਨਵੀਨਤਮ ਢੰਗਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਜਿਸ ਨਾਲ ਖੇਤੀਬਾੜੀ ਦਾ ਖਰਚਾ ਘਟਦਾ ਹੈ ਅਤੇ ਖੇਤੀ ਦੀ ਉਪਜ ਵੱਧਦੀ ਹੈ।

**ਸੁੱਧਰੇ ਹੋਏ ਬੀਜਾਂ ਦੀ ਸਪਲਾਈ :—**

ਮਾਰਕਫੈੱਡ ਵਲੋਂ ਜ਼ਿੰਮੀਦਾਰ ਭਰਾਵਾਂ ਨੂੰ ਹਰ ਸਾਲ ਬਾਸਮਤੀ ਤੇ ਮੱਕੀ ਦੇ ਸੁਧਰੇ ਹੋਏ ਬੀਜਾਂ ਦੀ ਵਾਜਬ ਰੇਟਾਂ ਤੇ ਸਪਲਾਈ ਕੀਤੀ ਜਾਂਦੀ ਹੈ।ਇਸ ਤਰ੍ਹਾਂ ਜ਼ਿੰਮੀਦਾਰ ਦਾ ਘੱਟੀਆ ਕਿਸਮ ਦੇ ਬੀਜਾਂ ਤੋਂ ਛੁਟਕਾਰਾ ਹੁੰਦਾ ਹੈ ਅਤੇ ਚੰਗੀ ਫਸਲ ਦੀ ਉਪਜ ਹੁੰਦੀ ਹੈ।

**ਵਪਾਰਕ ਖਰੀਦ :—**

ਮਾਰਕਫੈੱਡ ਵਲੋਂ ਸੂਰਜਮੁੱਖੀ ਅਤੇ ਬਾਸਮਤੀ ਦੀ ਵਪਾਰਕ ਤੌਰ ਤੇ ਖਰੀਦ ਕੀਤੀ ਜਾਂਦੀ ਹੈ। ਇਸ ਨਾਲ ਜ਼ਿੰਮੀਦਾਰ ਭਰਾ ਪ੍ਰਾਈਵੇਟ ਵਪਾਰੀਆਂ ਦੀ ਲੁੱਟ ਖਸੁੱਟ ਤੋਂ ਬੱਚ ਜਾਂਦੇ ਹਨ। ਇਸ ਨਾਲ ਮੰਡੀਆਂ ਵਿਚ ਮਾਰਕਫੈੱਡ ਦੇ ਖੜ੍ਹਨ ਨਾਲ ਵਪਾਰੀ ਇਹਨਾਂ ਵਪਾਰਕ ਫਸਲਾਂ ਦੇ ਰੇਟ ਸਮੇਂ ਮਨ-ਮਰਜ਼ੀ ਨਹੀਂ ਕਰ ਸਕਦੇ।

**ਖੇਤੀਬਾੜੀ ਦੇ ਕੰਮ-ਕਾਜ ਦੌਰਾਨ ਦੁਰਘਟਨਾਵਾਂ ਹੋਣ ਤੇ ਮੁਆਵਜ਼ਾ ਦੇਣ ਬਾਰੇ :—**

ਮਾਰਕਫੈੱਡ ਆਪਣੀਆਂ ਸਹਿਕਾਰੀ ਸਭਾਵਾਂ ਦੇ ਜ਼ਿੰਮੀਦਾਰ ਮੈਂਬਰਾਂ ਦੀ ਖੇਤੀਬਾੜੀ ਦਾ ਕੰਮ ਕਰਦਿਆਂ ਜੇ ਕੋਈ ਦੁਰਘਟਨਾਵਾਂ ਜਾਂ ਪ੍ਰਮਾਤਮਾਂ ਨਾ ਕਰੇ ਮੌਤ ਹੋ ਜਾਂਦੀ ਹੈ ਤਾਂ ਉਸਦਾ ਜ਼ਿੰਮੀਦਾਰ ਨੂੰ ਮੁਆਵਜਾ ਦਿੱਤਾ ਜਾਂਦਾ ਹੈ।ਉਦਾਹਰਣ ਦੇ ਤੌਰ ਤੇ ਮੌਤ ਦੇ ਕੇਸ ਵਿਚ ਇਹ ਰਕਮ 75000/- ਰੁਪਏ ਤੱਕ ਹੁੰਦੀ ਹੈ।

ਉਪਰ ਲਿਖੀਆਂ ਸਾਰੀਆਂ ਸਹੂਲਤਾਂ ਹਾਸਲ ਕਰਨ ਲਈ ਹੇਠ ਲਿਖੇ ਪਤੇ ਜਾਂ ਟੈਲੀਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

| **ਦਫਤਰ ਦਾ ਨਾਂ** | **ਟੈਲੀਫੋਨ ਨੰਬਰ** |
|---|---|
| ਸ੍ਰੀ ਜੇ.ਐਸ. ਕੰਵਰ, ਜ਼ਿਲ੍ਹਾ ਪ੍ਰਬੰਧਕ, ਮਾਰਕਫੈੱਡ, ਹੁਸ਼ਿਆਰਪੁਰ। | 249607, 249528, 249236 |
| ਸ੍ਰੀ ਆਰ.ਸੀ. ਛਾਬੜਾ, ਖਾਦ ਪੂਰਤੀ ਅਫ਼ਸਰ। | 249607, 249528, 249236 |
| ਸ੍ਰੀ ਕੇ.ਕੇ. ਤਰੇਹਨ, ਸ਼ਾਖਾ ਅਫਸਰ, ਹੁਸ਼ਿਆਰਪੁਰ। | 01882-249579 |
| ਸ੍ਰੀ ਆਰ.ਪੀ. ਮੀਲੂ, ਸ਼ਾਖਾ ਅਫ਼ਸਰ, ਗੜ੍ਹਸ਼ੰਕਰ। | 01884-280049 |
| ਸ੍ਰੀ ਕਸ਼ਮੀਰਾ ਸਿੰਘ, ਸ਼ਾਖਾ ਅਫ਼ਸਰ, ਮੁਕੇਰੀਆਂ। | 01883-244934 |
| ਸ੍ਰੀ ਐਮ.ਪੀ. ਡੋਗਰਾ, ਸ਼ਾਖਾ ਅਫ਼ਸਰ, ਟਾਂਡਾ। | 01886-222667 |
| ਸ੍ਰੀ ਇਕਬਾਲ ਸਿੰਘ, ਸ਼ਾਖਾ ਅਫ਼ਸਰ, ਗੜ੍ਹਦੀਵਾਲਾ। | 01886-261370 |
| ਸ੍ਰੀ ਮਨਜੀਤ ਸਿੰਘ, ਸ਼ਾਖਾ ਅਫ਼ਸਰ, ਦਸੂਹਾ। | 01883-285914 |
| ਸ੍ਰੀ ਹਰਜੀਤ ਸਿੰਘ, ਸ਼ਾਖਾ ਅਫ਼ਸਰ, ਮਾਹਿਲਪੁਰ। | 98145-80485 |